**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਕੰਪਲੈਕਸ**
**ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ 8 ਐਸ.ਏ.ਐਸ ਨਗਰ**
**(ਦਫਤਰੀ ਅਮਲਾ ਸਾਖਾ)**

ਸੇਵਾ ਵਿਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ) (ਐਸਿ),
ਪੰਜਾਬ।

ਮੀਮੋ ਨੰ: 3/7-19 ਦਅ (6)
ਮਿਤੀ 12-12-2019

ਵਿਸਾ:- ਦਰਜਾ ਚਾਰ (ਦਸਵੀ ਪਾਸ) ਤੋਂ ਬਤੌਰ ਲਾਇਬ੍ਰੇਰੀ ਰਿਸਟੋਰਰ ਦੀ ਪੱਦਉਨਤੀ ਕਰਨ ਸਬੰਧੀ।

ਹਵਾਲਾ:- ਉਪਰੋਕਤ ਵਿਸੇ ਤੇ ਇਸ ਦਫਤਰ ਦੇ ਪੱਤਰ ਨੰ: 3/7-19 ਦਅ (6) ਮਿਤੀ 5-12-2019 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸੇ ਸਬੰਧੀ ਇਸ ਦਫਤਰ ਦੇ ਹਵਾਲਾ ਅਧੀਨ ਪੱਤਰ ਰਾਂਹੀ ਦਰਜਾ (ਦਸਵੀ ਪਾਸ ) ਤੋਂ ਬਤੌਰ ਲਾਇਬ੍ਰੇਰੀ ਰਿਸਟੋਰਰ ਦੀ ਪੱਦਉਨਤੀ ਲਈ ਮਿਤੀ 13-12-2019 ਨੂੰ ਦਰਜਾ ਚਾਰ (ਦਸਵੀ ਪਾਸ) ਕਰਮਚਾਰੀਆਂ ਦੀ ਮਿਤੀ 20-08-19 ਦੀ ਸੀਨੀਆਰਤਾ ਸੂਚੀ ਅਨੁਸਾਰ ਸਟੇਸਨ ਚੋਣ ਲਈ ਬੁਲਾਇਆ ਗਿਆ ਸੀ। ਹੁਣ ਇਸ ਪੱਤਰ ਦੀ ਲਗਾਤਾਰਤਾ ਵਿੱਚ ਉਕਤ ਸੀਨੀਆਰਤਾ ਸੂਚੀ ਅਨੁਸਾਰ ਹੇਠ ਲਿਖੇ ਕਰਮਚਾਰੀਆਂ ਨੂੰ ਹੀ ਬਤੌਰ ਲਾਇਬ੍ਰੇਰੀ ਰਿਸਟੋਰਰ ਸਟੇਸਨ ਦੀ ਚੋਣ ਕਰਨ ਲਈ ਮੁੱਖ ਦਫਤਰ ਵਿਖੇ ਮਿਤੀ 13-12-19 ਨੂੰ ਹੀ ਹਾਜਰ ਹੋਣ ਲਈ ਹਦਾਇਤ ਕੀਤੀ ਜਾਦੀ ਹੈ:-

| 1 | 2 | 3 | 4 | 5 | 6 |
|---|---|---|---|---|---|
| ਲੜੀ ਨੰ: | ਜਿਸ ਕਾਡਰ ਵਿੱਚ ਪੱਦਉਨਤੀ ਕੀਤੀ ਜਾਣੀ ਹੈ। | ਮਿਤੀ ਅਤੇ ਸਮਾਂ | ਜਨਰਲ ਕੈਟਾਗਰੀ | ਐਸ.ਸੀ. ਕੈਟਾਗਰੀ | ਅੰਗਹੀਣ ਕੈਟਾਗਰੀ |
| 1 | ਦਰਜਾ ਚਾਰ (ਦਸਵੀ ਪਾਸ) ਤੋਂ ਬਤੌਰ ਲਾਇਬ੍ਰੇਰੀ ਰਿਸਟੋਰਰ | 13-12-19 ਸਮਾਂ 9.00 ਵਜੇ ਸਵੇਰੇ | ਸੀਨੀਆਰਤਾ ਨੰ: 1 ਤੋਂ 262 ਤੱਕ | ਸੀਨੀਆਰਤਾ ਨੰ: 383 ਤੱਕ | ਸੀਨੀਆਰਤਾ ਨੰ: 459 ਤੱਕ |

ਉਪਰੋਕਤ ਸਡਿਊਲ ਅਨੁਸਾਰ ਪੱਦਉਨਤੀ ਲੈਣ ਲਈ ਸਟੇਸਨ ਦੀ ਚੋਣ ਕਰਨ ਸਮੇਂ ਕਰਮਚਾਰੀ ਨਿਮਨਲਿਖਤ ਦਸਤਾਵੇਜ ਸਕੂਲ ਮੁੱਖੀ ਪਾਸੋਂ ਤਸਦੀਕ ਕਰਵਾਕੇ ਨਾਲ ਲੈ ਕੇ ਆਉਣਗੇ:-

1) ਦਸਵੀ ਪਾਸ ਦੇ ਸਰਟੀਫਿਕੇਟ/ਡਿਟੇਲ ਮਾਰਕਸ ਦੀ ਤਸਦੀਕੀ ਕਾਪੀ
2) ਸਿਕਾਇਤ/ਪੜਤਾਲ ਅਤੇ ਰੂਲ-8 ਅਧੀਨ ਦੋਸ ਸੂਚੀ ਪੈਡਿੰਗ ਨਾ ਹੋਣ ਬਾਰੇ।
3) ਹੈਂਡੀਕੈਪਡ ਸਰਟੀਫਿਕੇਟ ਅਤੇ ਐਸ.ਸੀ ਕੈਟਾਗਰੀ ਸਬੰਧੀ ਸਰਟੀਫਿਕੇਟ ਤਸਦੀਕੀ ਕਾਪੀ ਸਮੇਤ ਅਸਲ (ਕਾਲਮ ਨੰ: 5 ਅਤੇ 6 ਲਈ)

ਨੋਟ:-(1) ਦਰਜਾ ਚਾਰ ਕਰਮਚਾਰੀਆਂ ਵਲੋਂ ਉਕਤ ਮਿਤੀ ਨੂੰ ਸਟੇਸਨ ਚੋਣ ਕਰ ਲੈਣ ਕਾਰਨ ਉਹਨਾਂ ਦਾ ਪੱਦਉਨਤੀ ਲਈ ਕਲੇਮ ਨਹੀ ਬਣੇਗਾ ਕਿਉਕਿ ਵਿਭਾਗ ਵਲੋ ਉਕਤ ਕਾਡਰ ਵਿੱਚ ਉਪਲੱਬਧ ਅਸਾਮੀਆਂ ਤੇ ਹੀ ਪੱਦਉਨਤੀਆਂ ਕੀਤੀਆਂ ਜਾਣਗੀਆਂ।

(2) ਮਿਤੀ 20-08-19 ਨੂੰ ਜਾਰੀ ਕੀਤੀ ਗਈ ਦਰਜਾ ਚਾਰ (ਦਸਵੀ ਪਾਸ) ਕਰਮਚਾਰੀਆਂ ਦੀ ਸੀਨੀਆਰਤਾ ਸੂਚੀ ਮੁਤਾਬਿਕ ਜਿਹੜੇ ਦਰਜਾ ਚਾਰ ਕਰਮਚਾਰੀ ਜਿੰਨਾਂ ਦੀ ਉਮਰ 58 ਸਾਲ ਤੋਂ ਵੱਧ ਹੋ ਗਈ ਹੈ ਭਾਵ ਜਿਹੜੇ ਕਰਮਚਾਰੀ 59 ਜਾਂ 60 ਸਾਲ ਦੀ ਉਮਰ ਵਿੱਚ ਨੌਕਰੀ ਵਿੱਚ ਹਨ, ਉਹਨਾਂ ਨੂੰ ਲਾਇਬ੍ਰੇਰੀ ਰਿਸਟੋਰਰ ਦੀ ਪੱਦਉਨਤੀ ਲਈ ਪਾਤਰ ਨਹੀ ਹਨ ਅਤੇ ਅਜਿਹੇ ਕਰਮਚਾਰੀਆਂ ਨੂੰ ਉਕਤ ਮਿਤੀਆਂ ਨੂੰ ਸਟੇਸਨ ਚੁਣਨ ਲਈ ਆਉਣ ਦੀ ਜਰੂਰਤ ਨਹੀ ।

ਸੁਪਰਡੰਟ ਦਫਤਰੀ ਅਮਲਾ

ਪਿੱਠ ਅੰਕਣ ਨੰ: ਉਕਤ ਮਿਤੀ 12-12-2019

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਦਾਂ ਹੈ:-

1) ਪੀ.ਏ ਟੂ ਡੀ.ਪੀ.ਆਈ (ਸੈਸਿ) ਪੰਜਾਬ
2) ਪੀ.ਏ ਟੂ/ਡਾਇਰੈਕਟਰ ਪ੍ਰਸਾਸਨ।

ਸੁਪਰਡੰਟ ਦਫਤਰੀ ਅਮਲਾ

Scanned with CamScanner